International Journal of Advanced Innovation and Research
Vol 2, Issue 1, January 2024
ImpactFactor5.573
ISSN: 2584-2129

RESEARCHER
INTERNATIONAL JOURNAL OF
ADVANCED INNOVATION AND RESEARCH
journal homepage: www.ijair.in

# ਬਾਲ ਕਵਿਤਾ ਵਿਚ ਆਸ ਦੀ ਕਿਰਨ: ਮਨਜੀਤ ਅੰਬਾਲਵੀ

**ਦੇਵਿੰਦਰ ਬੀਬੀਪੁਰੀਆ**

**Keywords**

ਪੰਜਾਬੀ ਬਾਲ ਕਵਿਤਾ
ਮਨਜੀਤ ਕੌਰ ਅੰਬਾਲਵੀ
ਬਾਲ ਸਾਹਿਤ
ਰਾਸ਼ਟਰੀ ਭਾਵਨਾ
ਬਾਲ ਮਨੋਵਿਗਿਆਨ

**ABSTRACT**

ਇਹ ਸੱਚ ਹੈ ਕਿ ਹਰਿਆਣੇ ਦੀ ਪੰਜਾਬੀ ਬਾਲ ਕਵਿਤਾ ਗੁਣਾਤਮਕ ਤੇ ਗਿਣਾਤਮਕ ਦੋਹਾਂ ਪੱਖੋਂ ਕੋਈ ਵਧੇਰੇ ਵਿਕਾਸ ਨਹੀਂ ਕਰ ਪਾਈ। ਇਸ ਬਾਰੇ ਇਹ ਆਮ ਪ੍ਰਚਲਿਤ ਹੈ ਕਿ ਹਰਿਆਣੇ ਦੇ ਪੰਜਾਬੀ ਬਾਲ ਕਵੀਆਂ ਦੀ ਸੰਖਿਆ ਉਂਗਲਾਂ ਤੇ ਗਿਣਨਯੋਗ ਹੈ। ਪਰ ਜੇ ਸਹੀ ਅਰਥਾਂ ਵਿਚ ਵਿਚਾਰਿਆ ਜਾਵੇ ਤਾਂ ਹਰਿਆਚੇ ਦੇ ਪੰਜਾਬੀ ਬਾਲ ਕਵੀਆਂ ਨੂੰ ਗਿਣਦਿਆਂ ਉਨ੍ਹਾਂ ਦੀ ਗਿਣਤੀ ਉਂਗਲਾਂ ਤੋਂ ਵੀ ਘੱਟ ਪੈ ਜਾਂਦੀ ਹੈ। ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਹਰਿਆਣੇ ਵਿੱਚਲੀ ਹੀ ਨਹੀਂ ਸਗੋਂ ਸਮੱੁਚੀ ਪੰਜਾਬੀ ਬਾਲ ਕਵਿਤਾ ਦਾ ਮਿਆਰ ਵਧੇਰੇ ਪ੍ਰਸੰਸਾਯੋਗ ਨਹੀਂ ਹੈ। ਪੰਜਾਬੀ ਬਾਲ ਸਾਹਿਤ ਦੇ ਇਸ ਗਿਰਦੇ ਗਿਰਦੇ ਮਿਆਰ ਦੇ ਕਈ ਕਾਰਨ ਰਹੇ ਹਨ, ਜਿਨ੍ਹਾਂ ਵਿਚੋਂ ਇਕ ਕਾਰਨ ਸਰਕਾਰਾਂ, ਸਾਹਿਤ ਸਾਹਿਤ ਅਕਾਦਮੀਆਂ ਅਤੇ ਸਾਹਿ ਿਤਕ ਅਦਾਇਰਿਆਂ ਦਾ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਵੀ ਹੈ। ਪੰਜਾਬੀ ਸਾਹਿਤ ਜਗਤ ਵਿਚ ਕਵੀ ਦਰਬਾਰ ਅਤੇ ਗ਼ਜ਼ਲ ਦਰਬਾਰ ਦਾ ਪ੍ਰਚਲਨ ਤਾਂ ਆਮ ਦੇਖਣ ਨੂੰ ਮਿਲਦਾ ਹੈ ਪਰ ਅਫਸੋਸ ਦੀ ਗੱਲ ਹੈ ਕਿ ਬਾਲ ਕਵੀ ਦਰਬਾਰ ਦੇਖਣ ਦਾ ਮੌਕਾ ਕਦੇ ਨਹੀਂ ਮਿਲਦਾ। ਕੁਝ ਸਾਲ ਪਹਿਲਾਂ ਹਰਿਆਣੇ ਵਿਚ ਪੰਜਾਬੀ ਬਾਲ ਸਾਹਿਤ ਦੇ ਇਸ ਗਿਰਦੇ ਮਿਆਰ ਨੂੰ ਦੇਖ ਕੇ ਇਸ ਨੂੰ ਪ੍ਰੋਤਸਾਹਨ ਦੇਣ ਲਈ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਬਾਲ ਸਾਹਿਤ ਲਈ ਵੱਖਰੇ ਸਲਾਨਾ ਪੁਰਸਕਾਰ ਦੀ ਯੋਜਨਾ ਬਣਾਈ ਅਤੇ ਬਾਲ ਸਾਹਿਤ ਨਾਲ ਸੰਬਧਿਤ ਕੁਝ ਸੈਮੀਨਾਰ ਵੀ ਆਯੋਜਿਤ ਕੀਤੇ ਗਏ। ਅਕਾਦਮੀ ਦਵਾਰਾ ਉਠਾਏ ਇਨ੍ਹਾਂ ਕਦਮਾਂ ਨੇ ਬਾਲ ਸਾਹਿਤ ਨੂੰ ਹੁੰਗਾਰਾ ਦੇਣ ਵਿਚ ਕਾਫੀ ਹੱਦ ਤਕ ਯੋਗਦਾਨ ਪਾਇਆ। ਫਲਸਰੂਪ ਪਿਛਲੇ ਦੋ ਤਿੰਨ ਦਹਾਕਿਆਂ ਵਿਚ ਹਰਿਆਣਾ ਵਿਚ ਕਈ ਨਵੇਂ ਬਾਲ ਸਾਹਿਤਕਾਰ ਉੱਭਰ ਕੇ ਸਾਹਮਣੇ ਆਏ। ਇਨ੍ਹਾਂ ਇਚੋਂ ਇਕ ਨਾਮ ਮਨਜੀਤ ਕੌਰ ਅੰਬਾਲਵੀ ਦਾ ਵੀ ਹੈ।

ਇਹ ਸੱਚ ਹੈ ਕਿ ਹਰਿਆਣੇ ਦੀ ਪੰਜਾਬੀ ਬਾਲ ਕਵਿਤਾ ਗੁਣਾਤਮਕ ਤੇ ਗਿਣਾਤਮਕ ਦੋਹਾਂ ਪੱਖੋਂ ਕੋਈ ਵਧੇਰੇ ਵਿਕਾਸ ਨਹੀਂ ਕਰ ਪਾਈ। ਇਸ ਬਾਰੇ ਇਹ ਆਮ ਪ੍ਰਚਲਿਤ ਹੈ ਕਿ ਹਰਿਆਣੇ ਦੇ ਪੰਜਾਬੀ ਬਾਲ ਕਵੀਆਂ ਦੀ ਸੰਖਿਆ ਉਂਗਲਾਂ ਤੇ ਗਿਣਨਯੋਗ ਹੈ। ਪਰ ਜੇ ਸਹੀ ਅਰਥਾਂ ਵਿਚ ਵਿਚਾਰਿਆ ਜਾਵੇ ਤਾਂ ਹਰਿਆਚੇ ਦੇ ਪੰਜਾਬੀ ਬਾਲ ਕਵੀਆਂ ਨੂੰ ਗਿਣਦਿਆਂ ਉਨ੍ਹਾਂ ਦੀ ਗਿਣਤੀ ਉਂਗਲਾਂ ਤੋਂ ਵੀ ਘੱਟ ਪੈ ਜਾਂਦੀ ਹੈ। ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਹਰਿਆਣੇ ਵਿੱਚਲੀ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਬਾਲ ਕਵਿਤਾ ਦਾ ਮਿਆਰ ਵਧੇਰੇ ਪ੍ਰਸੰਸਾਯੋਗ ਨਹੀਂ ਹੈ। ਪੰਜਾਬੀ ਬਾਲ ਸਾਹਿਤ ਦੇ ਇਸ ਗਿਰਦੇ ਮਿਆਰ ਦੇ ਕਈ ਕਾਰਨ ਰਹੇ ਹਨ, ਜਿਨ੍ਹਾਂ ਵਿਚੋਂ ਇਕ ਕਾਰਨ ਸਰਕਾਰਾਂ, ਸਾਹਿਤ ਅਕਾਦਮੀਆਂ ਅਤੇ ਸਾਹਿਤਿਕ ਅਦਾਇਰਿਆਂ ਦਾ ਇਸ ਵੱਲ ਵਿਸ਼ੇਸ਼ ਧਿਆਨ ਨਾ ਦੇਣਾ ਵੀ ਹੈ। ਪੰਜਾਬੀ ਸਾਹਿਤ ਜਗਤ ਵਿਚ ਕਵੀ ਦਰਬਾਰ ਅਤੇ ਗ਼ਜ਼ਲ ਦਰਬਾਰ ਦਾ ਪ੍ਰਚਲਨ ਤਾਂ ਆਮ ਦੇਖਣ ਨੂੰ ਮਿਲਦਾ ਹੈ ਪਰ ਅਫਸੋਸ ਦੀ ਗੱਲ ਹੈ ਕਿ ਬਾਲ ਕਵੀ ਦਰਬਾਰ ਦੇਖਣ ਦਾ ਮੌਕਾ ਕਦੇ ਨਹੀਂ ਮਿਲਦਾ। ਕੁਝ ਸਾਲ ਪਹਿਲਾਂ ਹਰਿਆਣੇ ਵਿਚ ਪੰਜਾਬੀ ਬਾਲ ਸਾਹਿਤ ਦੇ ਇਸ ਗਿਰਦੇ ਮਿਆਰ ਨੂੰ ਦੇਖ ਕੇ ਇਸ ਨੂੰ ਪ੍ਰੋਤਸਾਹਨ ਦੇਣ ਲਈ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਬਾਲ ਸਾਹਿਤ ਲਈ ਵੱਖਰੇ ਸਲਾਨਾ ਪੁਰਸਕਾਰ ਦੀ ਯੋਜਨਾ ਬਣਾਈ ਅਤੇ ਬਾਲ ਸਾਹਿਤ ਨਾਲ ਸੰਬਧਿਤ ਕੁਝ ਸੈਮੀਨਾਰ ਵੀ ਆਯੋਜਿਤ ਕੀਤੇ ਗਏ। ਅਕਾਦਮੀ ਦੁਆਰਾ ਉਠਾਏ ਇਨ੍ਹਾਂ ਕਦਮਾਂ ਨੇ ਬਾਲ ਸਾਹਿਤ ਨੂੰ ਹੁੰਗਾਰਾ ਦੇਣ ਵਿਚ ਕਾਫੀ ਹੱਦ ਤਕ ਯੋਗਦਾਨ ਪਾਇਆ। ਫਲਸਰੂਪ ਪਿਛਲੇ ਦੋ ਤਿੰਨ ਦਹਾਕਿਆਂ ਵਿਚ ਹਰਿਆਣਾ ਵਿਚ ਕਈ ਨਵੇਂ ਬਾਲ ਸਾਹਿਤਕਾਰ ਉੱਭਰ ਕੇ ਸਾਹਮਣੇ ਆਏ। ਇਨ੍ਹਾਂ ਇਚੋਂ ਇਕ ਨਾਮ ਮਨਜੀਤ ਕੌਰ ਅੰਬਾਲਵੀ ਦਾ ਵੀ ਹੈ।

ਮਨਜੀਤ ਕੌਰ ਅੰਬਾਲਵੀ ਇਕ ਬਹੁਪ੍ਰਤਿਭਾਸ਼ਾਲੀ ਲੇਖਿਕਾ ਹੈ। ਜੋ ਹੁਣ ਤੱਕ ਕਵਿਤਾ, ਕਹਾਣੀ ਅਤੇ ਬਾਲ ਗੀਤ ਆਦਿ ਕਈ ਸਾਹਿਤ ਰੂਪਾਂ ਤੇ ਕਲਮ ਅਜ਼ਮਾਈ ਕਰ ਚੁੱਕੀ ਹੈ। ਉਹ ਹੁਣ ਤੁਕ ਸੱਤ ਪੁਸਤਕਾਂ ਮਾਂ ਬੋਲੀ ਦੀ ਝੋਲੀ ਵਿਚ ਪਾ ਚੁੱਕੀ ਹੈ। ਜਿਨ੍ਹਾਂ ਵਿਚੋਂ 'ਚਾਨਣ ਦੇ ਫੁੱਲ' ਅਤੇ 'ਮਾਂ ਦੀਆਂ

ਮਿੱਠੀਆਂ ਲੋਰੀਆਂ’ ਬਾਲ ਕਵਿਤਾ ਦੀ ਪੁਸਤਕਾਂ ਹਨ। ਮਨਜੀਤ ਅੰਬਾਲਵੀ ਦੀ ਹੁਣ ਤਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਤੱਥ ਵਿੱਚ ਹੈ ਕਿ ਉਸ ਦੀਆਂ ਦੋਹੇਂ ਪੁਸਤਕਾਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਹਨ। ਮਾਂ ਦੀਆਂ ਮਿੱਠੀਆਂ ਲੋਰੀਆਂ ਪੁਸਤਕ ਵਿਚ ਲੇਖਿਕਾ ਨੇ ਵੱਖ ਵੱਖ ਤਰ੍ਹਾਂ ਦੀਆਂ ਲੋਰੀਆਂ ਲਿੱਖੀਆਂ ਹਨ। ਦਰਅਸਲ ਲੋਰੀ ਕਾਵਿ ਰੂਪ ਦਾ ਬਾਲ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਲੋਰੀ ਮਨੱੁਖ ਦੇ ਜੀਵਨ ਦੀ ਪਹਿਲੀ ਕਵਿਤਾ ਹੁੰਦੀ ਹੈ। ਬੱਚੇ ਨੂੰ ਹਲਕੇ ਫੁਲਕੇ ਗਿਆਨ ਅਤੇ ਰਿਸ਼ਤਾਨਾਤਾ ਪ੍ਰਣਾਲੀ ਦੀ ਮੁੱਢਲੀ ਸਿੱਖਿਆ ਤੋਂ ਅਵਗਤ ਕਰਾਉਣ ਲਈ ਮਾਂ ਦਵਾਰਾ ਗਾਈ ਗਈ ਕਵਿਤਾ ਕਵਿਤਾ ਲੋਰੀ ਹੁੰਦੀ ਹੈ। ਲੋਰੀ ਨਾਲ ਹੀ ਬੱਚੇ ਦੇ ਜੀਵਨ ਵਿੱਚ ਕਵਿਤਾ, ਗੀਤ ਅਤੇ ਸੰਗੀਤ ਦੀ ਆਮਦ ਹੁੰਦੀ ਹੈ। ਇਸੇ ਨਾਲ ਹੀ ਉਹ ਰਿਦਮ, ਰਵਾਨਗੀ ਅਤੇ ਕਾਵਿ ਸ਼ੈਲੀ ਸਿੱਖਦਾ ਹੈ। ਇਸ ਲਈ ਲੋਰੀ ਦਾ ਬੱਚੇ ਦੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ। ਮਨਜੀਤ ਅੰਬਾਲਵੀ ਨੇ ਇਸ ਕਾਵਿ ਰੂਪ ਉੱਤੇ ਬੜੀ ਸ਼ਿੱਦਤ

ਨਾਲ ਕੰਮ ਕੀਤਾ ਹੈ। ਲੋਰੀਆਂ ਦੀ ਇਕ ਪੂਰੀ ਪੁਸਤਕ ਦੇਖ ਕੇ ਲੇਖਿਕਾ ਦੀ ਕਾਵਿ ਉਡਾਰੀ ਦਾ ਅਹਿਸਾਸ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਸਾਡੇ ਇਸ ਹੱਥਲੇ ਪਰਚੇ ਦਾ ਮੁੱਖ ਵਿਸ਼ਾ ਮਨਜੀਤ ਅੰਬਾਲਵੀ ਦੀ ਪਹਿਲੀ ਬਾਲ ਪੁਸਤਕ 'ਚਾਨਣ ਦੇ ਫੁੱਲ' ਵੱਲ ਕੇਂਦਰਿਤ ਹੈ। ਇਸ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਲੇਖਿਕਾ ਚੇਤਨ ਅਤੇ ਅਵਚੇਤਨ ਤੌਰ ਤੋਂ ਬੱਚਿਆਂ ਦੇ ਮਨਾਂ ਵਿਚ ਰਾਸ਼ਟਰੀ ਭਾਵਨਾ ਪੈਦਾ ਕਰਨ ਦਾ ਸਫਲ ਯਤਨ ਕਰਦੀ ਹੈ। ਕਿਸੇ ਵੀ ਮੁਲਕ ਦੇ ਲੇਖਕਾਂ ਦਾ ਸਭ ਤੋਂ ਪਹਿਲਾ ਫਰਜ਼ ਉਸ ਮੁਲਕ ਦੇ ਲੋਕਾਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਹੁੰਦਾ ਹੈ। ਦੇਸ਼ ਵਾਸੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਬਚਪਨ ਵਿਚ ਹੀ ਪੈਦਾ ਕੀਤੀ ਜਾਂਦੀ ਹੈ। ਬੱਚਿਆਂ ਦੇ ਦਿਲ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਵਿਚ ਬਾਲ ਸਾਹਿਤਕਾਰ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਮਨਜੀਤ ਅੰਬਾਲਵੀ ਆਪਣਾ ਇਹ ਫਰਜ਼ ਭਲੀ ਭਾਂਤ ਨਿਭਾ ਰਹੀ ਹੈ। ਉਸ ਦੀ ਪੁਸਤਕ ਚਾਨਣ ਦੇ ਫੁੱਲ ਵਿਚ ਸਭ ਤੋਂ ਵਧੇਰੇ ਕਵਿਤਾਵਾਂ ਉਹ ਹਨ ਹੋ ਦੇਸ਼ ਭਗਤੀ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ। 'ਮੇਰਾ ਦੇਸ਼ ਮਹਾਨ', 'ਭਾਰਤ ਦਾ ਮੈਂ ਵੀਰ ਬਣਾਂਗਾ' ਅਤੇ 'ਤਿਰੰਗਾ' ਆਦਿ ਕਵਿਤਾਵਾਂ ਬੱਚਿਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦੀਆਂ ਹਨ। ਜਿਵੇਂ

ਵੈਰੀ ਨੇੜੇ ਢੁੱਕ ਨਾ ਸੱਕੇ
ਇਹ ਜਤਨ ਕਰਾਂਗਾ ਮੈਂ
ਆਪਣੇ ਵਤਨ ਦੇ ਲਈ ਸਦਾ
ਜੀਆਂਗਾ ਤੇ ਮਰਾਂਗਾ ਮੈਂ
ਦੇਸ਼ ਦਾ ਮਾਨ ਵਧਾਉਣ ਲਈ
ਇਸ ਦੀ ਮੈਂ ਤਕਦੀਰ ਬਣਾਂਗਾ
ਭਾਰਤ ਦਾ ਮੈਂ ........... [1]

ਝੰਡੇ ਪਿੱਛੇ ਮੁੱਢੋਂ ਹੀ ਅਸੀਂ
ਲੱਖਾਂ ਔਕੜਾਂ ਝਲਦੇ ਹਾਂ
ਬਾਰੂਦਾਂ ਦੀਆਂ ਅੱਗਾਂ ਦੇ ਵਿਚ
ਲਟ-ਲਟ-ਲਟ-ਲਟ ਬੱਲਦੇ ਹਾਂ
ਬਿਰਥੀ ਨਾ ਜਾਏ ਦਿੱਤੀ
ਸਾਡੇ ਸ਼ਹੀਦਾਂ ਦੀ ਕੁਰਬਾਨੀ ਵੇ
ਤਿੰਨ ਰੰਗਾਂ ਦਾ................। [2]

ਮਨਜੀਤ ਅੰਬਾਲਵੀ ਦੇ ਬਾਲ ਕਾਵਿ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਬੱਚਿਆਂ ਵਿਚ ਦੇਸ਼ ਭਗਤੀ ਦੀ ਭਾਵਨਾ ਭਰਨ ਲੱਗਿਆਂ ਉਨ੍ਹਾਂ ਨੂੰ ਹਿੰਸਕ ਸੁਭਾ ਤੋਂ ਬਚਾਉਣ ਦੀ ਪੂਰੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਵਿਚ ਅਮਨ ਦੀ ਭਾਵਨਾ ਪੈਦਾ ਕਰਨਾ ਵੀ ਉਸ ਦੀ ਕਵਿਤਾ ਦਾ ਮੁੱਖ ਉਦੇਸ਼ ਰਹਿੰਦਾ ਹੈ। ਉਹ ਜਦ ਵੀ ਦੇਸ਼ ਭਗਤੀ ਦੀ ਗੱਲ ਕਰਦੀ ਹੈ ਤਾਂ ਨਾਲ ਨਾਲ ਅਮਨ ਦਾ ਪੱਲਾ ਵੀ ਫੜ ਕੇ ਤੁਰਦੀ ਹੈ। ਨਮੂਨੇ ਵੱਜੋਂ ਅਸੀਂ ਉਸਦੀ ਇਹ ਕਵਿਤਾ ਵੀ ਦੇਖ ਸਕਦੇ ਹਾਂ। ਜਿਵੇਂ

ਅਸੀਂ ਜੰਗ ਨਹੀਂ ਚਾਹੁੰਦੇ, ਸਾਨੂੰ ਅਮਨ ਚਾਹੀਦੈ
ਸਾਨੂੰ ਫੁੱਲਾਂ ਨਾਲ ਖਿੜਿਆ ਸਦਾ ਚਮਨ ਚਾਹੀਦੈ
ਅਸੀਂ ਜੰਗ ਨਹੀਂ..............।
ਸਾਥੋਂ ਝੱਲਿਆ ਨਹੀਂ ਜਾਂਦਾ ਹੁਣ ਐਟਮਾਂ ਦਾ ਭਾਰ
ਹੱਸਦੇ ਵੱਸਦੇ ਜਗ ਉੱਤੇ ਜੰਗਾਂ ਵਾਲੀ ਮਾਰ
ਸਾਨੂੰ ਖੇੜਿਆਂ 'ਚ ਵੱਸਦਾ ਸਦਾ ਵਤਨ ਚਾਹੀਦੈ
ਅਸੀਂ ਜੰਗ ਨਹੀਂ.......................। [3]

ਤਿਓਹਾਰਾਂ ਦਾ ਮਨੁੱਖੀ ਜੀਵਨ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ। ਤਿਉਹਾਰ ਮਾਨਵ ਜੀਵਨ ਨੂੰ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਵਿਤ ਕਰਦੇ ਹਨ। ਇਹ ਸਾਡਾ ਵਿਰਸਾ ਹੈ। ਇਸ ਲਈ ਬਾਲ ਲੇਖਕਾਂ ਦਾ ਫਰਜ਼ ਬਣਦਾ ਹੈ ਕਿ ਉਹ ਨਵੀਂ ਪੀੜ੍ਹੀ ਨੂੰ ਤਿਓਹਾਰਾਂ ਨਾਲ ਜੋੜ ਕੇ ਰੱਖਣ ਦੀ ਕੋਸ਼ਿਸ਼ ਕਰਨ। ਇਸ ਪੱਖੋਂ ਮਨਜੀਤ ਅੰਬਾਲਵੀ ਚੇਤੰਨ ਹੈ। ਉਸਦੀ ਕਵਿਤਾ ਵਿਚ ਥਾਂ ਥਾਂ ਤਿਓਹਾਰਾਂ ਦਾ ਜ਼ਿਕਰ ਮਿਲਦਾ ਹੈ। ਜਿਵੇਂ

ਰਲ ਮਿਲ ਹੋਲੀ ਮਨਾਈਏ ਚਲੋ ਸਾਰੇ

ਦਿਲਾਂ ਵਾਲਾ ਪਿਆਰ ਲੁਟਾਈਏ ਚਲੋ ਸਾਰੇ।[4]
ਸਤਰੰਗੀ ਪੀਂਘ ਦੇ ਨਜ਼ਾਰੇ ਵੇਖੀਏ
ਅੰਬਰਾਂ 'ਚ ਚਮਕਦੇ ਲਿਸ਼ਕਾਰੇ ਵੇਖੀਏ।[5]
ਆਇਆ ਰੱਖੜੀ ਦਾ ਸੋਹਣਾ ਤਿਓਹਾਰ
ਭੈਣ ਤੋਂ ਬੰਨ੍ਹਾ ਲੈ ਰੱਖੜੀ
ਵਿਚ ਗੁੰਦਿਆ ਏ ਭੈਣ ਦਾ ਪਿਆਰ
ਗੁੱਟ ਤੇ ਸਜਾ ਲੈ ਰੱਖੜੀ।[6]
ਧੀਆਂ ਦੀਆਂ ਲੋਹੜੀਆਂ ਮਨਾਈਏ ਚਲੋ ਸਾਰੇ
ਜੱਗ ਵਿਚ ਰੋਣਕਾਂ ਲਗਾਈਏ ਚਲੋ ਸਾਰੇ।[7]

ਲੇਖਿਕਾ ਤਿਓਹਾਰਾਂ ਦੇ ਰਾਹੀਂ ਲੋਕਾਂ ਨੂੰ ਵੱਖ ਵੱਖ ਤਰ੍ਹਾਂ ਦੇ ਸੰਦੇਸ਼ ਦਿੰਦੀ ਹੈ। ਜਿਵੇਂ ਉੱਤੇ ਦਿੱਤੇ ਨਮੂਨੇ ਵਿਚ ਉਹ ਲੋਹੜੀ ਦੀ ਗੱਲ ਦੇ ਨਾਲ ਨਾਲ ਹੀ ਧੀਆਂ ਦੇ ਹੱਕ ਦੀ ਗੱਲ ਵੀ ਕਰਦੀ ਹੈ। ਇਸ ਤਰ੍ਹਾਂ ਉਹ ਇਕ ਪੰਥ ਦੋ ਕਾਜ ਵਾਲੇ ਮੁਹਾਵਰੇ ਨੂੰ ਪੂਰਾ ਕਰਦੀ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾਵਾਂ ਵਿਚ ਉਸਦਾ ਕੁੜੀਆਂ ਲਈ ਪਿਆਰ ਦੇਖਦਿਆਂ ਹੀ ਮਹਿਸੂਸ ਹੁੰਦਾ ਹੈ। ਉਹ ਮੁੰਡੇ ਕੁੜੀਆਂ ਇਕ ਸਮਾਨ ਵਾਲੀ ਧਾਰਨਾ ਅਨੁਸਾਰ ਕਾਵਿ ਸਿਰਜਨਾ ਕਰਦੀ ਹੈ। ਜਿਸਦੇ ਨਮੂਨੇ ਉਸਦੀ ਕਵਿਤਾ ਵਿਚ ਥਾਂ ਥਾਂ ਦੇਖੇ ਜਾ ਸਕਦੇ ਹਨ। ਜਿਵੇਂ

ਮੰਮੀ ਮੈਂ ਵੀ ਸਕੂਲੇ ਜਾਣਾ
ਵੀਰੇ ਵਾਂਗੂ ਪੜ੍ਹ ਕੇ ਵਿਖਾਣਾ।[8]

ਧੀਆਂ ਬਸ ਲੋਕੋ ਪਿਆਰ ਮੰਗਦੀਆਂ
ਖੁਸ਼ੀਆਂ ਦਾ ਸੰਸਾਰ ਮੰਗਦੀਆ
ਬਾਬਲ ਵਿਹੜੇ, ਖੁਸ਼ੀਆਂ ਖੇੜੇ
ਰੱਬ ਤੋਂ ਸੋ ਸੋ ਵਾਰ ਮੰਗਦੀਆਂ।[9]

ਕਵਿਤਾਵਾਂ ਰਾਹੀਂ ਬੱਚਿਆਂ ਵਿਚ ਗਿਆਨ ਸੰਚਾਰਿਤ ਕਰਨਾ ਵੀ ਬਾਲ ਸਾਹਿਤ ਦੀ ਇਕ ਵੱਡੀ ਮੰਗ ਹੈ। ਇਸ ਪੱਖੋਂ ਵੀ ਮਨਜੀਤ ਅੰਬਾਲਵੀ ਇਕ ਸਫਲ ਲੇਖਿਕਾ ਹੈ। ਉਹ ਬੱਚਿਆ ਦੇ ਗਿਆਨ ਨੂੰ ਵਧਾਉਣ ਲਈ ਅਣਥੱਕ ਮਿਹਨਤ ਕਰਦੀ ਹੈ। ਉਸਦੀ ਪੁਸਤਕ ਵਿਚ ਐਸੀ ਕਈ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ ਜੋ ਬੱਚਿਆ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਗਿਆਨ ਵਿਚ ਵਾਧਾ ਵੀ ਕਰਦੀਆਂ ਹਨ। ਜਿਵੇਂ

ਗੁਰੂ ਪੀਰਾਂ ਦੀ ਇਸ ਧਰਤੀ ਦਾ ਕੁਝ ਤਾਂ ਤੁਸੀ ਖਿਆਲ ਕਰੋ
ਰੁੱਖ ਲਗਾਓ, ਰੁੱਖ ਬਚਾਓ, ਨਾ ਬੁਰਾ ਦੇਸ਼ ਦਾ ਹਾਲ ਕਰੋ।[10]

ਸੰਤਰੇ ਤੇ ਅਨਾਰ ਵੀ ਲੈਣਾ
ਜੇ ਰੋਗਾਂ ਤੋਂ ਦੂਰ ਹੈ ਰਹਿਣਾ
ਪਪੀਤਾ ਦਿਲ ਨੂੰ ਬੜਾ ਹੀ ਭਾਵੇ
ਦਿਲ ਦੇ ਰੋਗ ਨੂੰ ਦੂਰ ਭਜਾਵੇ
ਬੱਬੂ ਗੋਸ਼ੇ, ਅੰਜੀਰਾਂ ਦਾ ਵੀ
ਕਰ ਲੈਣਾ ਕੁਝ ਵਾਧਾ ਜੀ
ਦਾਦਾ ਜੀ ਮੇਰੇ……………..।[11]

ਇਸ ਤਰ੍ਹਾਂ ਮਨਜੀਤ ਅੰਬਾਲਵੀ ਦੀ ਪੁਸਤਕ ਵਿਚ ਅਨੇਕਾਂ ਥਾਵਾਂ ਤੇ ਬੱਚਿਆਂ ਨੂੰ ਗਿਆਨ ਵੰਡਦੀਆਂ ਕਵਿਤਾਵਾਂ ਦੇਖਣ ਨੂੰ ਮਿਲਦੀਆਂ ਹਨ। ਉਹ ਬੱਚਿਆਂ ਨੂੰ ਕਵਿਤਾਵਾਂ ਦੇ ਰੰਗ ਵਿਚ ਰੰਗ ਕੇ ਗਿਆਨ ਪਰੋਸਨਾ ਬਹੁਤ ਚੰਗੀ ਤਰ੍ਹਾਂ ਜਾਣਦੀ ਹੈ।

ਬਾਲ ਕਵਿਤਾ ਲਿੱਖਣੀ ਜਿੰਨੀ ਸੌਖੀ ਨਜ਼ਰ ਆਉਂਦੀ ਹੈ ਅਸਲ ਵਿਚ ਇਹ ਉਂਨੀ ਹੀ ਔਖੀ ਹੁੰਦੀ ਹੈ। ਬਾਲ ਕਵਿਤਾ ਲਿੱਖਣ ਲਈ ਬਾਲ ਮਨੋਵਿਗਿਆਨ ਦੀ ਸਮਝ ਹੋਣਾ ਵੀ ਲਾਜ਼ਮੀ ਹੈ। ਬਾਲ ਕਵੀ ਵਿਚ ਬੱਚਿਆਂ ਨਾਲ ਬੱਚਾ ਹੋਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਮਨਜੀਤ ਅੰਬਾਲਵੀ ਨੂੰ ਬਾਲ ਮਨੋਵਿਗਿਆਨ ਦੀ ਕਾਫੀ ਸਮਝ ਹੈ। ਉਹ ਜਾਣਦੀ ਹੈ ਕਿ ਬੱਚਿਆਂ ਨੂੰ ਪਸ਼ੂ ਪੰਛੀਆਂ ਨਾਲ ਬਹੁਤ ਪਿਆਰ ਹੁੰਦਾ ਹੈ। ਉਨ੍ਹਾਂ ਨੂੰ ਪਸ਼ੂ ਪੰਛੀਆਂ ਦੀਆਂ ਗੱਲਾਂ ਕਰਨਾ ਤੇ ਸੁਣਨਾ ਬਹੁਤ ਚੰਗਾ ਲੱਗਦਾ ਹੈ। ਇਸ ਕਰ ਕੇ ਉਹ ਆਪਣੀਆਂ ਕਵਿਤਾਵਾਂ ਵਿਚ ਥਾਂ ਥਾਂ ਤੇ ਪਸ਼ੂ ਪੰਛੀਆਂ ਦੀਆਂ ਗੱਲਾਂ ਕਰਦੀ ਨਜ਼ਰ

ਆਉਂਦੀ ਹੈ। ਜਿਵੇਂ

ਪੰਛੀ ਉਡਦੇ ਸੁਹਣੇ ਲੱਗਦੇ
ਅੰਬਰ ਵਿਚ ਉਡਾਣਾਂ ਭਰਦੇ
ਖੁੱਲਾਂ ਵਿਚ ਇਹ ਉਡਣਾ ਚਾਹੁੰਦੇ
ਫਿਰ ਸੁਰੀਲੇ ਗੀਤ ਨੇ ਗਾਉਂਦੇ
ਪੰਛੀ ਸਭ ਦੇ ਮਿੱਤਰ ਹੁੰਦੇ
ਕਾਂ, ਤੋਤੇ ਭਾਵੇਂ ਤਿੱਤਰ ਹੁੰਦੇ
ਇਨ੍ਹਾਂ ਦਾ ਰੱਖਣਾ ਸਦਾ ਖਿਆਲ
ਇਹ ਨੇ ਸਭ ਦੇ ਭਾਈਵਾਲ। [12]

ਵੇਖੋ ਨੱਚਦਾ ਸੋਹਣਾ ਮੋਰ
ਪੀਉ ਪੀਉ ਮਚਾਂਦਾ ਸ਼ੋਰ
ਰੰਗ ਬਿਰੰਗੇ ਖੰਭ ਨਿਆਰੇ
ਤਾਣ ਉਨ੍ਹਾਂ ਨੂੰ ਦੇਵੇ ਹੁਲਾਰੇ
ਜਾਪੇ ਉਹਦੀ ਵੱਖਰੀ ਤੋਰ
ਵੇਖੋ ਨੱਚਦਾ...................। [13]

ਨਿੱਕੀਆਂ-ਨਿੱਕੀਆਂ ਚੰਚਲ-ਚੰਚਲ
ਘੁੰਮਦੀਆਂ ਨੇ ਇਹ ਤਿਤਲੀਆਂ
ਫੁੱਲਾਂ ਦਾ ਰਸ ਚੂਸਣ ਦੇ ਲਈ
ਵੇਖੋ ਤਿਆਰ ਹੋ ਕੇ ਨਿਕਲੀਆਂ। [14]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਹ ਬੱਚਿਆਂ ਨੂੰ ਪਸ਼ੂ ਜਗਤ ਨਾਲ ਜੋੜ ਕੇ ਉਨ੍ਹਾਂ ਦਾ ਧਿਆਨ ਖਿੱਚਦੀ ਹੈ। ਉਹ ਕਵਿਤਾ ਵਿੱਚ ਪਸ਼ੂ ਪੰਛੀਆਂ ਦੀਆਂ ਗੱਲਾਂ ਰਾਹੀਂ ਵੀ ਬੱਚਿਆਂ ਨੂੰ ਕੋਈ ਸੰਦੇਸ਼ ਦੇਣ ਦਾ ਯਤਨ ਕਰਦੀ ਹੈ ਅਤੇ ਉਸਦੀ ਇਹ ਕੋਸ਼ਿਸ਼ ਬੱਚਿਆਂ ਨੂੰ ਆਪਣੇ ਨਾਲ ਜੋੜ ਲੈਂਦੀ ਹੈ।

ਬਾਲ ਕਵਿਤਾ ਦਾ ਸਭ ਤੋਂ ਅਹਿਮ ਪਹਿਲੂ ਕਵਿਤਾ ਦਾ ਰਵਾਨਗੀ ਅਤੇ ਛੰਦਾ-ਬੰਦੀ ਭਰਪੂਰ ਹੋਣਾ ਹੁੰਦਾ ਹੈ। ਕਿਉਂਕਿ ਬੱਚੇ ਹਰ ਗੱਲ ਨੂੰ ਰਿਦਮ ਵਿੱਚ ਸਿੱਖਦੇ ਹਨ। ਜਿਸ ਕਵਿਤਾ ਦੀ ਰਿਦਮ ਟੁੱਟਦੀ ਹੋਵੇ, ਬੱਚਿਆਂ ਲਈ ਉਹ ਕਵਿਤਾ ਗਾਉਣੀ ਮੁਸ਼ਕਿਲ ਹੁੰਦੀ ਹੈ। ਇਸ ਲਈ ਬਾਲ ਸਾਹਿਤ ਦੇ ਵਿਦਵਾਨ ਛੰਦਾ-ਬੰਦੀ ਨੂੰ ਬਾਲ ਕਵਿਤਾ ਦਾ ਸਭ ਤੋਂ ਜ਼ਰੂਰੀ ਅੰਗ ਮੰਨਦੇ ਹਨ। ਮਨਜੀਤ ਅੰਬਾਲਵੀ ਵੀ ਆਪਣੀ ਕਵਿਤਾ ਵਿਚ ਛੰਦਾ ਬੰਦੀ ਦਾ ਧਿਆਨ ਰੱਖਣ ਦੀ ਪੂਰੀ ਕੋਸ਼ਿਸ਼ ਕਰਦੀ ਹੈ। ਫਲਸਰੂਪ ਉਸਦੀਆਂ ਕੁਝ ਕਵਿਤਾਵਾਂ ਛੰਦਾਂ ਤੇ ਪਰਖੀਆਂ ਜਾ ਸਕਦੀਆਂ ਹਨ। ਜਿਵੇਂ

ਆ ਜਾ, ਆ ਜਾ, ਸੂਰਜ ਆ ਜਾ
ਅੰਬਰ ਦੇ ਵਿਹੜੇ ਦੇ ਰਾਜਾ
ਕਿਰਨਾਂ ਦੀ ਤੂੰ ਖੋਲ ਪਟਾਰੀ
ਧਰਤੀ ਦਾ ਸੀਨਾ ਰੁਸ਼ਨਾ ਜਾ
ਆ ਜਾ ਆ ਜਾ...............। [15]

ਇਹ ਕਵਿਤਾ ਕਬਿੱਤ ਛੰਦ ਵਿਚ ਲਿੱਖੀ ਗਈ ਹੈ। ਜਿਸ ਦਾ ਵਜ਼ਨ 8+8+8+8 ਜਾਂ 8+8+8+7 ਹੁੰਦਾ ਹੈ। ਲੇਖਿਕਾ ਨੇ ਕਵਿਤਾ ਲਿੱਖਦਿਆਂ ਛੰਦ ਦੀਆਂ ਮਾਤ੍ਰਾਵਾਂ ਦਾ ਬਣਦਾ ਖਿਆਲ ਰੱਖਿਆ ਹੈ। ਪਰ ਜੇ ਮਨਜੀਤ ਅੰਬਾਲਵੀ ਦੀ ਸਮੁੱਚੀ ਕਵਿਤਾ ਨੂੰ ਦੇਖੀਏ ਤਾਂ ਉਸ ਦੀ ਕਵਿਤਾ ਇਸ ਪੱਖੋਂ ਕਾਫੀ ਕਮਜ਼ੋਰ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾ ਵਿਚ ਸੰਗੀਤਕ ਲੈਅ ਦੀ ਕਾਫੀ ਘਾਟ ਹੈ ਅਤੇ ਰਿਦਮ ਵੀ ਪੂਰਨ ਰੂਪ ਵਿਚ ਸਹੀ ਨਹੀਂ ਕਹੀ ਜਾ ਸਕਦੀ। ਪਰ ਆਉਣ ਵਾਲੇ ਸਮੇਂ ਵਿਚ ਅਸੀਂ ਮਨਜੀਤ ਅੰਬਾਲਵੀ ਤੋਂ ਇਹ ਆਸ ਰੱਖ ਸਕਦੇ ਹਾਂ ਕਿ ਉਹ ਇਸ ਪੱਖੋਂ ਵੀ ਆਪਣੀ ਕਵਿਤਾ ਨੂੰ ਨਿਖਾਰਨ ਦਾ ਯਤਨ ਕਰੇਗੀ।

ਮਨਜੀਤ ਅੰਬਾਲਵੀ ਦੀ ਕਵਿਤਾ ਨੂੰ ਸਮੁੱਚੇ ਤੌਰ ਤੋਂ ਵਿਚਾਰ ਕੇ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਮਨਜੀਤ ਅੰਬਾਲਵੀ ਬਾਲ ਕਵਿਤਾ ਦੇ ਖੇਤਰ ਵਿਚ ਆਪਣੀ ਪਛਾਣ ਸਥਾਪਿਤ ਕਰ ਚੁੱਕੀ ਹੈ। ਉਸਦੀਆਂ ਕਵਿਤਾਵਾਂ ਦੇ ਵਿਸ਼ੇ ਰੰਗ ਬਿਰੰਗੀ ਤਿਤਲੀਆਂ ਦੀ ਤਰ੍ਹਾਂ ਹੁੰਦੇ ਹਨ, ਜੋ ਬੱਚਿਆਂ ਨੂੰ ਬਹੁਤ

ਬਹੁਤ ਚੰਗੇ ਲੱਗਦੇ ਹਨ। ਉਸਨੂੰ ਬਾਲ ਮਨੋਵਿਗਿਆਨ ਦੀ ਵੀ ਕਾਫੀ ਸੂਝ ਹੈ। ਉਹ ਜਾਣਦੀ ਹੈ ਕਿ ਬੱਚਿਆਂ ਨੂੰ ਕਿਸ ਤਰ੍ਹਾਂ ਦੀ ਕਵਿਤਾ ਪਰੋਸਣੀ ਹੈ। ਸੰਖੇਪ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮਨਜੀਤ ਅੰਬਾਲਵੀ ਹਰਿਆਣੇ ਦੇ ਕਮਜ਼ੋਰ ਪੰਜਾਬੀ ਬਾਲ ਸਾਹਿਤ ਲਈ ਇਕ ਆਸ ਦੀ ਕਿਰਨ ਹੈ। ਭਵਿੱਖ ਵਿਚ ਉਸ ਤੋਂ ਬਾਲ ਕਵਿਤਾ ਦੇ ਖੇਤਰ ਵਿਚ ਹੋਰ ਉੱਚੀਆਂ ਆਸਾਂ ਰੱਖੀਆਂ ਜਾ ਸਕਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1 ਮਨਜੀਤ ਕੌਰ ਅੰਬਾਲਵੀ, ਚਾਨਣ ਦੇ ਫੁੱਲ, ਪੰਨਾ-17
2 ਉਹੀ.................ਪੰਨਾ-19
3 ਉਹੀ.................ਪੰਨਾ-21
4 ਉਹੀ.................ਪੰਨਾ-39
5 ਉਹੀ.................ਪੰਨਾ-35
6 ਉਹੀ.................ਪੰਨਾ-63
7 ਉਹੀ.................ਪੰਨਾ-51
8 ਉਹੀ.................ਪੰਨਾ-41
9 ਉਹੀ.................ਪੰਨਾ-60
10 ਉਹੀ.................ਪੰਨਾ-59
11 ਉਹੀ.................ਪੰਨਾ-71
12 ਉਹੀ.................ਪੰਨਾ-43
13 ਉਹੀ.................ਪੰਨਾ-55
14 ਉਹੀ.................ਪੰਨਾ-67
15 ਉਹੀ.................ਪੰਨਾ-23